بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّی عَلٰی رَسُوْلِهِ الْكَرِيْمِ وَعَلٰى عَبْدِهِ الْمَسِيْحِ الْمَوْعُوْد
لَا اِلٰهَ اِلَّا اللّٰهُ مُحَمَّدٌ رَّسُوْلُ اللّٰه
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਜੰਗੇ ਬਦਰ ਦੇ ਹਵਾਲੇ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਅਤੇ ਤਾਰੀਖ਼ ਦੇ ਕਿੱਸਿਆਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 02 ਜੂਨ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّالِّيْنَ۔

ਤਸ਼ਹੁਦ, ਤੌਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਬਦਰੀ ਸਹਾਬੀਆਂ ਦੀ ਜੀਵਨੀ ਅਤੇ ਕੁਰਬਾਨੀਆਂ ਸੰਬੰਧੀ ਇਕੱ ਸਿਲਸਿਲਾ ਖ਼ੁਤਬਿਆਂ ਦਾ ਮੈਂ ਬਿਆਨ ਕਰਦਾ ਰਿਹਾ ਹਾਂ। ਬਹੁਤ ਸਾਰੇ ਲੋਕਾਂ ਨੇ ਇਸ ਇੱਛਾ ਦਾ ਪ੍ਰਕਟਾਵਾ ਕੀਤਾ ਅਤੇ ਮੈਨੂੰ ਲਿਖਿੱਆ ਕਿ ਜੇਕਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਨ ਬਿਆਨ ਕੀਤੀ ਜਾਏ ਤਾਂ ਕਮੀ ਰਹਿ ਜਾਵੇਗੀ। ਕਿਉਂਕਿ ਅਸਲ ਧੁੱਰਾ ਤਾਂ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਜ਼ਾਤ ਸੀ। ਜਿਸ ਦੇ ਗਿਰਦ ਸਹਾਬਾ ਘੁਮਦੇ ਸਨ। ਜਿਸ ਨਾਲ ਜੁੜ੍ਹ ਕੇ ਸਹਾਬਾ ਨੇ ਕੁਰਬਾਨੀਆਂ ਦੇ ਅਦਭੁਤ ਮਿਆਰ ਸਥਾਪਿਤ ਕੀਤੇ ਅਤੇ ਨਵੇਂ ਨਵੇਂ ਤਰੀਕੇ ਸਿੱਖੇ ਅਤੇ ਤੌਹੀਦ ਨੂੰ ਫ਼ੈਲਾਉਣ ਅਤੇ ਆਪ ਉਸ ਦਾ ਅਮਲੀ ਨਮੂਨਾ ਬਣਨ ਦੇ ਉਹ ਮਿਆਰ ਕਾਯਮ ਕੀਤੇ। ਜੋ ਆਪ ਸਲੱਲਾਹੋ ਅਲੈਹਿ ਵਸਲੱਮ ਅਤੇ ਰਬੱ ਦੇ ਪਿਆਰੇ ਹੋਣ ਦਾ ਸਬੂਤ ਹੈ। ਸੋ, ਆਪ ਦੀ ਜੀਵਨੀ ਦਾ ਬਿਆਨ ਵੀ ਜ਼ਰੂਰੀ ਹੈ।

ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਉੱਤੇ ਪਿਛੱਲੇ ਕੁਝੱ ਸਮੇਂ ਵਿਚੱ ਖ਼ੁਤਬੇ ਦਿੱਤੇ ਵੀ ਗਏ ਹਨ। ਪਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਅਜਿਹੀ ਹੈ ਕਿ ਜਿਸ ਨੂੰ ਸੀਮਿਤ ਨਹੀਂ ਕੀਤਾ ਜਾ ਸਕਦਾ। ਇਕੱ ਇਕੱ ਖ਼ੂਬੀ ਅਜਿਹੀ ਹੈ ਕਿ ਜਿਸ ਦਾ ਜ਼ਿਕਰ ਕਈ ਕਈ ਖ਼ੁਤਬੀਆਂ ਵਿਚੱ ਵੀ ਨਹੀਂ ਹੋ ਸਕਦਾ। ਇਹ ਜੀਵਨੀ ਸਮੇਂ ਸਮੇਂ ਉੱਤੇ ਇੰਸ਼ਾ-ਅੱਲਾਹ ਬਿਆਨ ਹੁੰਦੀ ਵੀ ਰਹੇਗੀ। ਸਗੋਂ ਹਰ ਖ਼ੁਤਬੇ ਅਤੇ ਖ਼ਿਤਾਬ ਵਿਚੱ ਕੋਈ ਨ ਕੋਈ ਪਹਿਲੂ ਕਿਸੇ ਨ ਕਿਸੇ ਰੰਗ ਵਿਚੱ ਬਿਆਨ ਹੁੰਦਾ ਵੀ ਰਹਿੰਦਾ ਹੈ। ਕਿਉਂਕਿ ਇਹੀ ਸਾਡੇ ਜੀਵਨ ਦਾ ਧੁੱਰਾ ਹੈ ਅਤੇ ਇਸ ਤੋਂ ਬਿਨਾਂ ਸਾਡਾ ਦੀਨ, ਸਾਡਾ ਵਿਸ਼ਵਾਸ ਸੰਪੂਰਨ ਨਹੀਂ ਹੋ ਸਕਦਾ ਅਤੇ ਰਬੱ ਦੀ ਭੇਜੀ ਹੋਈ ਸ਼ਰੀਅਤ ਉੱਤੇ ਅਮਲ ਵੀ ਨਹੀਂ ਹੋ ਸਕਦਾ। ਸੋ, ਇਸ ਸਮੇਂ ਮੈਂ ਜੰਗੇ ਬਦਰ ਦੇ ਹਵਾਲੇ ਨਾਲ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਅਤੇ ਤਾਰੀਖ਼ ਦੇ ਕਿੱਸੇ ਪੈਸ਼ ਕਰਾਂਗਾ ਅਤੇ ਇਹ ਸਿਲਸਿਲਾ ਅੱਗੇ ਵੀ ਕੁਝੱ ਖ਼ੁਤਬੀਆਂ ਵਿਚੱ ਜਾਰੀ ਰਹੇਗਾ

ਆਪ ਸਲੱਲਾਹੋ ਅਲੈਹਿ ਦੀ ਜੀਵਨੀ ਹੀ ਹੈ। ਜਿਸ ਨੇ ਸਹਾਬੀਆਂ ਨੂੰ ਅਨੰਤ ਕੁਰਬਾਨੀਆਂ ਦਾ ਜਜ਼ਬਾ ਬਖ਼ਸ਼ਾ ਅਤੇ ਇਹ ਜਜ਼ਬਾ ਬਖ਼ਸ਼ ਕੇ ਗ਼ਾਜ਼ੀਆਂ ਅਤੇ ਸ਼ਹੀਦਾਂ ਅਤੇ ਰਬੱ ਦੇ ਪਿਆਰੀਆਂ ਅਤੇ ਰਬੱ ਤੋਂ ਰਾਜ਼ੀ ਰਹਿਣ

ਵਾਲਿਆਂ ਵਿਚੱ ਸ਼ਾਮਿਲ ਫ਼ਰਮਾਇਆ ਅਤੇ ਜਿਸ ਦੇ ਨਮੂਨੇ ਅਸੀਂ ਆਪਣੇ ਜੀਵਨ ਵਿਚੱ ਵੇਖੇ। ਸੋ, ਇਸ ਜੰਗ ਦੇ ਹਵਾਲੇ ਨਾਲ ਵੀ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਦਾ ਬਿਆਨ ਜ਼ਰੂਰੀ ਹੈ। ਜੰਗ ਦੇ ਕਿੱਸਿਆਂ ਤੋਂ ਪਹਿਲਾਂ ਉਨ੍ਹਾਂ ਕਾਰਨਾਂ ਦਾ ਵੀ ਬਿਆਨ ਕਰਨਾ ਜ਼ਰੂਰੀ ਹੈ। ਜਿਨ੍ਹਾਂ ਕਰਕੇ ਜੰਗ ਹੋਈ। ਇਸ ਲਈ ਪਹਿਲਾਂ ਮੈਂ ਕੁਝੱ ਨ ਕੁਝੱ ਪਿਛੋਕੜ੍ਹ ਬਿਆਨ ਕਰਾਂਗਾ। ਇਸ ਪਿਛੋਕੜ੍ਹ ਵਿਚੱ ਵੀ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਅਤੇ ਆਪ ਦੀ ਦਿੱਤੀ ਹੋਈ ਸੁੰਦਰ ਸਿਖਿੱਆ ਦੇ ਵਖੱ ਵਖੱ ਪਹਿਲੂ ਪ੍ਰਕਟ ਹੋ ਜਾਂਦੇ ਹਨ।

ਜੰਗੇ ਬਦਰ ਦੇ ਕਾਰਨ ਬਿਆਨ ਕਰਦੇ ਹੋਏ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ "ਸੀਰਤ ਖ਼ਾਤਮੁੰਨਬੀਯੀਨ ਸਲੱਲਾਹੋ ਅਲੈਹਿ ਵਸਲੱਮ" ਵਿਚੱ ਲਿਖੱਦੇ ਹਨ ਕਿ ਮੱਕਾ ਦੇ ਕੁੱਫ਼ਾਰ ਨੇ ਇਸਲਾਮ ਅਤੇ ਮੁਸਲਮਾਨਾਂ ਦੇ ਖ਼ਿਲਾਫ਼ ਜੋ ਢੰਗ ਅਤੇ ਤਰਕੀਬਾਂ ਵਰਤੀਆ। ਉਹ ਕਿਸੇ ਵੀ ਜ਼ਮਾਨੇ ਅਤੇ ਇਲਾਕੇ ਨਾਲ ਦੋ ਕੌਮਾਂ ਵਿਚੱ ਜੰਗ ਛੇੜ੍ਹਣ ਲਈ ਕਾਫ਼ੀ ਕਾਰਨ ਸਨ। ਲਾਨ੍ਹਤਾਂ, ਮਿਹਣਿਆਂ ਅਤੇ ਬੇਇਜ਼ੱਤੀ ਕਰਨ ਵਾਲੇ ਢੰਗਾਂ ਨਾਲ ਮੁਸਲਮਾਨਾਂ ਨੂੰ ਇਕੱ ਰਬੱ ਦੀ ਇਬਾਦਤ ਅਤੇ ਤੌਹੀਦ ਦੇ ਐਲਾਨ ਤੋਂ ਜ਼ਬਰਦਸਤੀ ਰੋਕਿਆ। ਉਨ੍ਹਾਂ ਨੂੰ ਮਾਰਿਆ ਕੁਟਿੱਆ, ਉਨਾਂ ਦੇ ਮਾਲ ਲੁਟੱ ਲਏ, ਉਨ੍ਹਾਂ ਵਿੱਚੋਂ ਕੁਝੱ ਕਤਲ ਹੋਏ, ਉਨ੍ਹਾਂ ਦੀਆਂ ਔਰਤਾਂ ਦੀ ਬੇਇਜ਼ੱਤੀ ਕੀਤੀ। ਜਦੱ ਕੁਝੱ ਮੁਸਲਮਾਨ ਹਬਸ਼ਾ ਚਲ੍ਹੇ ਗਏ ਤਾਂ ਨਜਾਸ਼ੀ ਦੇ ਦਰਬਾਰ ਤਕੱ ਉਨਾਂ ਮੁਸਲਮਾਨਾਂ ਨੂੰ ਵਾਪਸ ਲਿਆਉਣ ਲਈ ਪਿੱਛੇ ਗਏ। ਮੁਸਲਮਾਨਾਂ ਦੇ ਸਰਦਾਰ ਅਰਥਾਤ ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੂੰ ਹਰ ਪ੍ਰਕਾਰ ਨਾਲ ਕਸ਼ਟ ਦਿੱਤੇ ਗਏ। ਤਾਇਫ਼ ਵਿਚੱ ਪਥੱਰ ਮਾਰੇ ਗਏ ਅਤੇ ਅੰਤ ਵਿਚੱ ਮੱਕੇ ਦੀ ਭਰੀ ਸਭਾ ਵਿਚੱ ਸਾਰੇ ਸਰਦਾਰਾਂ ਦੀ ਸਹਿਮਤੀ ਨਾਲ ਇਹ ਫ਼ੈਸਲਾ ਕੀਤਾ ਗਿਆ ਕਿ ਮੁੰਹਮਦ (ਸਲੱਲਾਹੋ ਅਲੈਹਿ ਵਸਲੱਮ) ਨੂੰ ਕਤਲ ਕਰ ਦਿੱਤਾ ਜਾਏ ਫ਼ਿਰ ਇਸ ਖ਼ੂਨੀ ਫ਼ੈਸਲੇ ਉੱਤੇ ਅਮਲ ਕਰਨ ਲਈ ਮੱਕੇ ਦੇ ਨੌਜਵਾਨ ਨੇ ਰਾਤ ਦੇ ਸਮੇਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਘਰ ਉੱਤੇ ਹਮਲਾ ਕੀਤਾ। ਪਰ ਰਬੱ ਨੇ ਮਿਹਰ ਕੀਤੀ ਅਤੇ ਆਪ ਸੁਰਖਿੱਤ ਰਹੇ ਅਤੇ ਜਾਨ ਬਚਾ ਕੇ ਗ਼ਾਰੇ ਸੌਅਰ ਵਿਚੱ ਪਨਾਹ ਲਈ। ਕੀ ਇਹ ਸਾਰੇ ਮਨਸੂਬੇ (ਸ਼ੜ੍ਹਯੰਤਰ) ਅਤੇ ਖ਼ੂਨੀ ਫ਼ੈਸਲੈ ਮੱਕੇ ਦੇ ਕੁੱਫ਼ਾਰਾਂ ਵੱਲੋਂ ਜੰਗ ਦੀ ਘੋਸ਼ਣਾ ਨਹੀਂ ਸੀ ? ਕੀ ਕੁਰੈਸ਼ ਦੇ ਇਹ ਜ਼ੁਲਮ, ਮੁਸਲਮਾਨਾਂ ਵੱਲੋਂ ਬਚਾਓ ਵਿਚੱ ਕੀਤੀ ਜੰਗ ਦੀ ਬੁਨਿਆਦ ਵੱਜੋਂ ਨਹੀਂ ਹੋ ਸਕਦੇ ? ਕੀ ਸੰਸਾਰ ਵਿਚੱ ਕੋਈ ਕੌਮ ਇਨ੍ਹਾਂ ਹਾਲਾਤਾਂ ਦੇ ਹੁੰਦੇ ਹੋਏ, ਇਸ ਅਲਟੀ ਮੈਟਮ ਨੂੰ ਕਬੂਲ ਕਰ ਸਕਦੀ ਹੈ, ਜੋ ਕੁੱਫ਼ਾਰ ਨੇ ਮੁਸਲਮਾਨਾਂ ਨੂੰ ਦਿੱਤਾ ? ਯਕੀਨੀ ਤੌਰ ਉੱਤੇ ਜੇਕਰ ਮੁਸਲਮਾਨਾਂ ਦੀ ਥਾਂ ਕੋਈ ਹੋਰ ਕੌਮ ਹੁੰਦੀ ਤਾਂ ਉਹ ਇਸ ਤੋਂ ਬਹੁਤ ਪਹਿਲਾਂ ਕੁੱਫ਼ਾਰ ਦੇ ਖ਼ਿਲਾਫ਼ ਜੰਗ ਵਿਚੱ ਉਤਰ ਜਾਂਦੀ। ਪਰ ਮੁਸਲਮਾਨਾਂ ਨੂੰ ਉਨਾਂ ਦੇ ਆਕਾ ਅਤੇ ਮੌਲਾ ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਵੱਲੋਂ ਜੰਗ ਦਾ ਹੁਕਮ ਨ ਸੀ।

ਜਦੱ ਮੱਕੇ ਵਿਚੱ ਕੁਝੱ ਸਹਾਬੀਆਂ ਨੇ ਕੁੱਫ਼ਾਰ ਦੇ ਜ਼ੁਲਮਾਂ ਦਾ ਜਵਾਬ ਦੇਣ ਦੀ ਆਗਿਆ ਮੰਗੀ ਤਾਂ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਰੋਕਦੇ ਹੋਏ ਫ਼ਰਮਾਇਆ ਕਿ ਮੈਨੂੰ ਤਾਂ ਮੁਆਫ਼ੀ ਦਾ ਹੁਕਮ ਦਿੱਤਾ ਗਿਆ ਹੈ।

ਇੰਝ ਜ਼ੁਲਮ ਸਹਿੰਦੇ ਸਹਿੰਦੇ ਜਦੱ ਇਕੱ ਸਮਾਂ ਲੰਘ ਗਿਆ ਅਤੇ ਮੁਸਲਮਾਨਾਂ ਨੂੰ ਮੱਕੇ ਤੋਂ ਬੇਦਖ਼ਲ ਹੋਣਾ ਪਿਆ ਤਾਂ ਰਬੱ ਨੇ ਮੁਸਲਮਾਨਾਂ ਨੂੰ ਜਵਾਬ ਦੇਣ ਦੀ ਆਗਿਆ ਬਖ਼ਸ਼ ਦਿੱਤੀ। ਸੋ, ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੀ ਹਿਜਰਤ ਕੁਰੈਸ਼ ਦੇ ਅਲਟੀ ਮੈਟਮ ਨੂੰ ਕਬੂਲ ਕੀਤੇ ਜਾਣ ਦੀ ਅਲਾਮਤ ਹੈ। ਇਸ ਵਿਚੱ ਰਬੱ ਵੱਲੋਂ ਜੰਗ ਦੇ ਐਲਾਨ ਦਾ ਲੁਕਵਾਂ ਇਸ਼ਾਰਾ ਸੀ। ਜਿਸ ਨੂੰ ਕੁੱਫ਼ਾਰ ਅਤੇ ਮੁਸਲਮਾਨ ਦੋਵੇਂ ਸਮਝਦੇ ਸਨ। ਅਫ਼ਸੋਸ ਕਿ ਜ਼ਾਲਮ ਕੁਰੈਸ਼ ਨੇ ਇਸ ਲੁਕਵੇਂ ਇਸ਼ਾਰੇ ਨੂੰ ਨ ਸਮਝਿਆ। ਨਹੀਂ ਤਾਂ ਜੇਕਰ ਹੁਣ ਵੀ ਕੁੱਫ਼ਾਰ ਰੁਕੱ ਜਾਂਦੇ ਅਤੇ ਦੀਨ ਦੇ ਮਾਮਲੇ ਵਿਚੱ ਜ਼ੁਲਮ ਨਾਲ ਕੰਮ ਲੈਣਾ ਛਡੱ ਦਿੰਦੇ ਅਤੇ ਮੁਸਲਮਾਨਾਂ ਨੂੰ ਅਮਨ ਨਾਲ ਜੀਵਨ ਕਟੱਣ ਦਿੰਦੇ ਤਾਂ ਯਕੀਨੀ ਤੌਰ ਉੱਤੇ ਉਨਾਂ ਨੂੰ ਹੁਣ ਵੀ ਮੁਆਫ਼ ਕਰ ਦਿੱਤਾ ਜਾਂਦਾ। ਪਰ ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੀ

ਹਿਜਰਤ ਨੇ ਜਲਦੀ ਉੱਤੇ ਤੇਲ ਦਾ ਕੰਮ ਕੀਤਾ। ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੀ ਹਿਜਰਤ ਦੇ ਬਾਦ ਕੁੱਫ਼ਾਰ ਨੇ ਜੋ ਸਭ ਤੋਂ ਪਹਿਲਾ ਕੰਮ ਕੀਤਾ। ਉਹ ਇਹ ਸੀ ਕਿ ਉਹ ਆਪ ਦੇ ਪਿੱਛੇ ਨਿਕਲ ਖੜ੍ਹੇ ਹੋਏ ਅਤੇ ਗ਼ਾਰੇ ਸੋਅਰ ਦੇ ਮੂੰਹ ਤਕੱ ਜਾ ਪਹੁੰਚੇ। ਰਬੱ ਨੇ ਇਸ ਮੌਕੇ ਉੱਤੇ ਆਪ ਦੀ ਖ਼ਾਸ ਮਦਦ ਫ਼ਰਮਾਈ ਅਤੇ ਕੁਰੈਸ਼ ਦੀ ਅੱਖਾਂ ਉੱਤੇ ਪਰਦਾ ਪਾ ਦਿੱਤਾ। ਕੁਰੈਸ਼ ਉਸ ਉੱਤੇ ਵੀ ਬਾਜ਼ ਨ ਆਏ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਫ਼ੜ੍ਹ ਕੇ ਲਿਆਉਣ ਵਾਲੇ ਲਈ ਇਕੱ ਸੌ ਉਂਠਾਂ ਦੇ ਇਨਾਮ ਦਾ ਐਲਾਨ ਕਰ ਦਿੱਤਾ। ਸੋ, ਬਹੁਤ ਸਾਰੇ ਨੌਜਵਾਨ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਖੋਜ ਵਿਚੱ ਨਿਕਲ ਖੜ੍ਹੇ ਹੋਏ। ਅਰਥਾਤ ਇਸ ਤਰਕੀਬ ਵਿਚੱ ਵੀ ਕੁਰੈਸ਼ ਨੂੰ ਅਸਫ਼ਲਤਾ ਦਾ ਮੂੰਹ ਵੇਖਣਾ ਪਿਆ।

ਇੰਝ ਹੀ ਜਦੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਮਦੀਨਾ ਹਿਜਰਤ ਕਰ ਗਏ ਤਾਂ ਮੱਕੇ ਦੇ ਕੁਰੈਸ਼ ਨੇ ਮਦੀਨਾ ਦੇ ਰਈਸ ਅਬਦੁੱਲਾਹ ਬਿਨ ਉਬੱਯੀ ਬਿਨ ਸਲੂਲ ਅਤੇ ਉਸ ਦੇ ਸਾਥੀਆਂ ਨੂੰ ਇਕੱ ਧਮਕੀ ਭਰਿਆ ਪਤੱਰ ਲਿਖਿੱਆ। ਤੁਸੀਂ ਸਾਡੇ ਸਾਥੀ ਨੂੰ ਪਨਾਹ ਦਿੱਤੀ ਹੈ। ਅਸੀਂ ਰਬੱ ਦੀ ਸੌਂਹ ਖਾ ਕੇ ਕਹਿੰਦੇ ਹਨ ਕਿ ਜਾਂ ਤਾਂ ਤੁਸੀਂ ਉਸ ਨਾਲ ਜੰਗ ਕਰੋ ਜਾਂ ਉਸ ਨੂੰ ਦੇਸ਼ ਨਿਕਾਲਾ ਦਿਓ। ਨਹੀਂ ਤਾਂ ਅਸੀਂ ਸਾਰੇ ਮਿਲ ਕੇ ਤੁਹਾਡੇ ਉੱਤੇ ਹਮਲਾ ਕਰ ਦੇਣਗੇ ਅਤੇ ਤੁਹਾਡੇ ਜੰਗ ਜੂਆਂ (ਬਹਾਦਰਾਂ) ਨੂੰ ਕਤਲ ਕਰ ਦੇਣਗੇ ਅਤੇ ਤੁਹਾਡੀ ਔਰਤਾਂ ਨੂੰ ਆਪਣੇ ਹੇਠਾਂ ਕਰ ਲੈਣਗੇ। ਜਦੱ ਇਹ ਪਤੱਰ ਅਬਦੁੱਲਾਹ ਬਿਨ ਉਬੱਯੀ ਬਿਨ ਸਲੂਲ ਅਤੇ ਉਸ ਦੇ ਬੁਤਾਂ ਦੀ ਪੂਜਾ ਕਰਨ ਵਾਲੇ ਸਾਥੀਆਂ ਨੂੰ ਮਿਲਿਆ ਤਾਂ ਉਹ ਨਬੀ ਸਲੱਲਾਹੋ ਅਲੈਹਿ ਵਸਲੱਮ ਤੋਂ ਜੰਗ ਕਰਨ ਲਈ ਜਮ੍ਹਾ ਹੋ ਗਏ। ਜਦੱ ਆਪ ਨੂੰ ਇਸ ਗਲੱ ਦੀ ਖ਼ਬਰ ਮਿਲੀ ਤਾਂ ਆਪ ਉਨ੍ਹਾਂ ਨੂੰ ਮਿਲੇ ਅਤੇ ਉਨ੍ਹਾਂ ਨੂੰ ਸਮਝਾਇਆ ਅਤੇ ਜੰਗ ਤੋਂ ਰੋਕਿਆ।

ਇੰਝ ਹੀ ਮੱਕੇ ਦੇ ਕੁਰੈਸ਼ ਨੇ ਅਰਬ ਦੇ ਹੋਰ ਕਬੀਲੀਆਂ ਨੂੰ ਮੁਸਲਮਾਨਾਂ ਦੇ ਖ਼ਿਲਾਫ਼ ਪ੍ਰੇਰਿਤ ਕੀਤਾ ਅਤੇ ਜੰਗ ਲਈ ਤਿਆਰ ਕੀਤਾ। ਇਸ ਦੇ ਨਤੀਜੇ ਵਿਚੱ ਸਾਰਾ ਅਰਬ ਮਦੀਨਾ ਵਾਲਿਆਂ ਦਾ ਦੁਸ਼ਮਨ ਹੋ ਗਿਆ ਅਤੇ ਇਹ ਹਾਲ ਹੋ ਗਿਆ ਕਿ ਜਿਵੇਂ ਮਦੀਨਾ ਦੇ ਨੇੜ੍ਹੇ ਤੇੜ੍ਹੇ ਅਗੱ ਹੀ ਅਗੱ ਹੈ।

ਆਪ ਮਦੀਨਾ ਅੰਦਰ ਇਹ ਹਾਲਤ ਸੀ ਕਿ ਹਾਲੇ ਤਕੱ ਓਸ ਅਤੇ ਖ਼ਜ਼ਰਜ ਦੇ ਅੰਦਰ ਇਕੱ ਵੱਡਾ ਹਿੱਸਾ ਸ਼ਿਰਕ ਉੱਤੇ ਕਾਯਮ ਸੀ ਅਤੇ ਭਾਵੇਂ ਕਿ ਉਹ ਵੇਖਣ ਵਿਚੱ ਆਪਣੇ ਭਰਾਵਾਂ ਨਾਲ ਸਨ। ਪਰ ਉਨ੍ਹਾਂ ਹਾਲਾਤਾਂ ਵਿਚੱ ਇਕੱ ਮੁਸ਼ਰਿਕ ਦਾ ਕੀ ਭਰੋਸਾ ਕੀਤਾ ਜਾ ਸਕਦਾ ਸੀ। ਫ਼ਿਰ ਦੂਜੇ ਨੰਬਰ ਉੱਤੇ ਮੁਨਾਫ਼ਿਕ ਸਨ। ਜੋ ਪਰਦੇ ਵਿਚੱ ਰਹਿ ਕੇ ਇਸਲਾਮ ਦੇ ਵਿਰੋਧੀ ਸਨ। ਤੀਜੇ ਨੰਬਰ ਉੱਤੇ ਯਹੂਦੀ ਸਨ। ਜਿਨ੍ਹਾਂ ਦੇ ਨਾਲ ਭਾਵੇਂ ਕਿ ਸੰਧੀ ਹੋ ਚੁੱਕੀ ਸੀ। ਪਰ ਇਨ੍ਹਾਂ ਯਹੂਦੀਆਂ ਦੇ ਨਜ਼ਦੀਕ ਸੰਧੀ ਦੀ ਕੋਈ ਕੀਮਤ ਨਹੀਂ ਸੀ। ਅਰਥਾਤ ਉਸ ਸਮੇਂ ਮਦੀਨਾ ਦੇ ਅੰਦਰ ਦਾ ਮਾਹੌਲ ਮੁਸਲਮਾਨਾਂ ਦੇ ਖ਼ਿਲਾਫ਼ ਇਕੱ ਬਾਰੂਦ ਦੇ ਢੇਰ ਤੋਂ ਘਟੱ ਨ ਸੀ ਅਤੇ ਅਰਬ ਦੇ ਕਬੀਲੀਆਂ ਦੀ ਮਾਸਾ ਜਿਹੀ ਚਿੰਗਾਰੀ ਮੁਸਲਮਾਨਾਂ ਨੂੰ ਭਕੱ ਕਰਕੇ ਉਡਾਉਣ ਲਈ ਕਾਫ਼ੀ ਸੀ। ਇਸ ਤੋਂ ਵਧੱ ਕਮਜ਼ੋਰ ਸਮਾਂ ਇਸਲਾਮ ਉੱਤੇ ਕਦੇ ਨਹੀਂ ਆਇਆ। ਸੋ, ਅਜਿਹੇ ਸਮੇਂ ਵਿਚੱ ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਉੱਤੇ ਰਬੱ ਦੀ ਵਹੀ ਉਤਰੀ ਅਤੇ ਤਲਵਾਰ ਨਾਲ ਜਿਹਾਦ ਦਾ ਹੁਕਮ ਉਤੱਰਿਆ। ਤਲਵਾਰ ਨਾਲ ਜਿਹਾਦ ਸੰਬੰਧਿਤ ਸਭ ਤੋਂ ਪਹਿਲੀ ਆਇਤ 12 ਸਫ਼ਰ 2 ਹਿਜਰੀ ਨੂੰ ਉਤਰੀ। ਉਸ ਸਮੇਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਮਦੀਨਾ ਆਏ ਕਰੀਬ ਇਕੱ ਸਾਲ ਲੰਘ ਗਿਆ ਸੀ। ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਹ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ ਦੀ ਖੋਜ ਹੈ। ਕੁਝੱ ਦੇ ਨਜ਼ਦੀਕ ਇਹ ਆਇਤ ਹਿਜਰਤ ਦੇ ਬਿਲਕੁਲੱ ਬਾਦ ਉਤਰੀ ਸੀ। ਕਿਉਂਕਿ ਹਿਜਰਤ ਦੇ ਬਿਲਕੁਲੱ ਬਾਦ ਹੀ ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੇ ਮੱਕੇ ਦੇ ਕੁੱਫ਼ਾਰਾਂ ਦੀ ਕੁਝੱ ਪਾਰਟੀਆਂ ਨੂੰ ਰੋਕਣ ਲਈ ਹਥਿਆਰ ਬੰਦ ਦਸਤੇ ਭੇਜ ਦਿੱਤੇ ਸਨ।

ਸੂਰਤੁਲੱ ਹਜੱ ਦੀ ਇਹ ਦੋ ਆਇਤਾਂ ਹਨ। ਜਿਨ੍ਹਾਂ ਵਿਚੱ ਜਿਹਾਦ ਦੀ ਪਹਿਲੀ ਵਾਰ ਆਗਿਆ ਦਿੱਤੀ ਗਈ ਹੈ। ਰਬੱ ਫ਼ਰਮਾਉਂਦਾ ਹੈ ਕਿ ਉਨ੍ਹਾਂ ਲੋਕਾਂ ਨੂੰ ਜਿਨਾਂ ਨਾਲ ਬਿਨਾਂ ਕਿਸੇ ਕਾਰਨ ਦੇ ਯੁਧੱ ਕੀਤਾ ਜਾ ਰਿਹਾ ਹੈ। (ਲੜ੍ਹਾਈ ਕਰਨ ਦੀ) ਖੁਲ੍ਹ ਦਿੱਤੀ ਗਈ ਹੈ , ਕਿਉਂਕਿ ਉਹਨਾਂ ਉੱਤੇ ਵੱਡਾ ਜ਼ੁਲਮ ਕੀਤਾ ਗਿਆ ਹੈ, ਅਤੇ ਅੱਲਾਹ ਉਹਨਾਂ ਦੀ ਸਹਾਇਤਾ ਕਰਨ ਦੇ ਸਮਰਥ ਹੈ। (ਇਹ ਉਹ ਲੋਕ ਹਨ) ਜਿਨ੍ਹਾਂ ਨੂੰ ਬਿਨਾਂ ਕਿਸੇ ਕਾਰਨ ਦੇ ਕੇਵਲ ਇਨਾਂ ਹੀ ਕਹਿਣ ਉੱਤੇ ਕਿ ਅੱਲਾਹ ਸਾਡਾ ਰਬੱ ਹੈ। ਘਰੋਂ ਬੇਘਰ ਕੀਤਾ ਗਿਆ। ਜੇ ਅੱਲਾਹ ਉਹਨਾਂ ਇੰਨਕਾਰੀਆਂ ਵਿੱਚੋਂ ਕਈਆਂ ਨੂੰ ਕਈਆਂ ਰਾਹੀਂ (ਸ਼ਰਾਰਤਾਂ ਕਰਨ ਤੋਂ) ਨਾ ਰੋਕਦਾ, ਤਾਂ (ਈਸਾਈਆਂ ਦੇ) ਗਿਰਜੇ, ਯਹੂਦੀਆਂ ਦੇ ਧਰਮ ਸਥਾਨ ਅਤੇ (ਵਿਭਿੰਨ ਭਗਤੀ ਦੇ ਸਥਾਨ) ਮਸੀਤਾਂ ਜਿਨ੍ਹਾਂ ਵਿਚੱ ਅੱਲਾਹ ਦਾ ਹੀ ਵਧੇਰੇ ਸਿਮਰਣ ਕੀਤਾ ਜਾਂਦਾ ਹੈ। ਢਾਹ ਦਿੱਤੀਆਂ ਜਾਂਦੀਆਂ। ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇੱਥੇ ਹਰ ਧਰਮ ਦੇ ਇਬਾਦਤ ਸਥਲਾਂ ਦਾ ਨਾਂ ਲੈ ਕੇ ਉਸ ਦੀ ਰਾਖ਼ੀ ਦੀ ਗਲੱ੍ਹ ਕੀਤੀ ਗਈ ਹੈ।

ਜਿਹਾਦ ਫ਼ਰਜ਼ ਹੋਣ ਦੇ ਬਾਦ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਕੁੱਫ਼ਾਰ ਦੇ ਫ਼ਸਾਦ ਤੋਂ ਮੁਸਲਮਾਨਾਂ ਨੂੰ ਬਚਾ ਕੇ ਰਖੱਣ ਲਈ ਆਰੰਭਿਕ ਤੌਰ ਉੱਤੇ ਚਾਰ ਤਰਕੀਬਾਂ ਵਰਤੀਆਂ। ਪਹਿਲੀ ਆਪ ਨੇ ਸਫ਼ਰ ਕਰਕੇ ਮਦੀਨਾ ਦੇ ਨੇੜ੍ਹੇ ਤੇੜ੍ਹੇ ਦੀਆਂ ਕੌਮਾਂ ਤੋਂ ਸੰਧੀਆਂ ਕੀਤੀਆਂ। ਦੂਜਾ ਆਪ ਨੇ ਨਿੱਕਿਆਂ ਨਿੱਕਿਆਂ ਜਾਸੂਸ ਪਾਰਟੀਆਂ ਮਦੀਨੇ ਦੇ ਕਰੀਬ ਕਰੀਬ ਭੇਜਣਿਆਂ ਸ਼ੁਰੂ ਕੀਤੀਆਂ। ਤੀਜਾ ਇਹ ਕਿ ਇਨਾਂ ਪਾਰਟੀਆਂ ਦੇ ਜਾਣ ਨਾਲ ਕਮਜ਼ੋਰ ਮੁਸਲਮਾਨਾਂ ਨੂੰ ਮਦੀਨਾ ਆ ਕੇ ਮੁਸਲਮਾਨਾਂ ਨਾਲ ਮਿਲ ਜਾਣ ਦਾ ਮੌਕਾ ਮਿਲ ਗਿਆ। ਚੌਥਾ ਇਹ ਕਿ ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੇ ਕੁੱਫ਼ਾਰ ਦੇ ਉਨ੍ਹਾਂ ਵਿਉਪਾਰੀ ਕਾਫ਼ਲਿਆਂ ਦੀ ਰੋਕ ਥਾਮ ਸ਼ੁਰੂ ਫ਼ਰਮਾ ਦਿੱਤੀ। ਜੋ ਮੱਕੇ ਤੋਂ ਸ਼ਾਮ ਵਲੱ੍ਹ ਆਉਂਦੇ ਜਾਂਦੇ ਹੋਏ ਮਦੀਨਾ ਕੋਲ੍ਹੋਂ ਲੰਘਦੇ ਸਨ।

ਹਜ਼ੂਰੇ ਅਨਵਰ ਨੇ ਇਹ ਸਿਲਸਿਲਾ ਅੱਗੇ ਜਾਰੀ ਰਹਿਣ ਦਾ ਇਰਸ਼ਾਦ ਫ਼ਰਮਾਉਣ ਦੇ ਬਾਦ ਹੇਠ ਲਿੱਖੇ ਚਾਰ ਮਰਹੂਮੀਨ ਦਾ ਜ਼ਿਕਰ ਅਤੇ ਨਮਾਜ਼ ਜਨਾਜ਼ਾ ਪੜ੍ਹਾਉਣ ਦਾ ਐਲਾਨ ਫ਼ਰਮਾਇਆ।

1-ਸ਼੍ਰੀਮਾਨ ਖ਼ਵਾਜਾ ਮੁਨੀਰ ਅਹਮਦ ਸਾਹਿਬ ਕਮਰ ਆਫ਼ ਯੂ. ਕੇ, ਮਰਹੂਮ ਦਾ ਜਨਾਜ਼ਾ ਹਾਜ਼ਰ ਹੈ।

2-ਸ਼੍ਰੀਮਾਨ ਡਾਕਟਰ ਮਿਰਜ਼ਾ ਮੁਬਸ਼ਿੱਰ ਅਹਮਦ ਸਾਹਿਬ, ਆਪ ਹਜ਼ਰਤ ਮੁਸਲਿਹ ਮਾਊਦ ਰਜ਼ੀ ਅੱਲਾ ਅੰਨਹੋ ਦੇ ਪੋਤੇ ਅਤੇ ਸ਼੍ਰੀਮਾਨ ਡਾਕਟਰ ਮੁਨਵਰ ਅਹਮਦ ਸਾਹਿਬ ਦੇ ਬੇਟੇ ਸਨ। ਮਰਹੂਮ ਹਜ਼ਰਤ ਨਵਾਬ ਮੁਬਾਰਕਾ ਬੈਗ਼ਮ ਸਾਹਿਬਾ ਦੇ ਦੋਹਤਰੇ ਸਨ।

3-ਸ਼੍ਰੀਮਤੀ ਸਯੱਦਹ ਅਮਤੁਲੱ ਬਾਸਿਤ ਸਾਹਿਬਾ ਪਤਨੀ ਮਹਮੂਦ ਅਹਮਦ ਸਾਹਿਬ ਆਫ਼ ਇਸਲਾਮਾਬਾਦ ਪਾਕਿਸਤਾਨ

4-ਸ਼੍ਰੀਮਾਨ ਸ਼ਰੀਫ਼ ਅਹਮਦ ਸਾਹਿਬ ਆਫ਼ ਫ਼ੈਸਲਾਬਾਦ।

ਹਜ਼ੂਰੇ ਅਨਵਰ ਨੇ ਸਾਰੇ ਮਰਹੂਮਾਂ ਦੀ ਬਖ਼ਸ਼ਿਸ਼ ਲਈ ਦੁਆ ਕੀਤੀ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔